# ਦਫਤਰ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।

**ਹੁਕਮ**

ਪੰਜਾਬ ਸਰਕਾਰ ਵੱਲੋਂ ਜਾਰੀ ਪੱਤਰ ਨੰਬਰ 14/7/2020-4ਐਚ.ਬੀ.4/ ਸਪੈਸ਼ਲ-1 ਮਿਤੀ: 01.04.2020 ਰਾਹੀਂ ਜ਼ਾਰੀ ਹੁਕਮਾਂ ਅਨੁਸਾਰ ਪੰਜਾਬ ਰਾਜ ਦੇ ਹਰ ਜ਼ਿਲ੍ਹੇ ਵਿਚ Isolation Centres ਦੀ ਇਕ ਮੈਨਜਮੈਂਟ ਕਮੇਟੀ (IFMC) ਬਣਾਈ ਜਾਣੀ ਹੈ, ਜੋ ਇਹਨਾਂ ਸੈਂਟਰਾਂ ਦੇ ਕੰਮਾਂ ਦੀ ਦੇਖ ਰੇਖ ਕਰੇਗੀ। ਇਸ ਸੰਬੰਧ ਵਿੱਚ ਗੁਰੂ ਨਾਨਕ ਦੇਵ ਹਸਪਤਾਲ ਵਿੱਚ IFMC ਦੀ ਰਚਨਾ ਕਰ ਦਿੱਤੀ ਗਈ ਹੈ। ਉਕਤ ਹੁਕਮਾਂ ਦੀ ਰੋਸ਼ਨੀ ਵਿਚ ਹੁਣ ਜ਼ਿਲ੍ਹਾ ਅੰਮ੍ਰਿਤਸਰ ਵਿਚ ਗੁਰੂ ਨਾਨਕ ਦੇਵ ਹਸਪਤਾਲ ਤੋਂ ਇਲਾਵਾ ਵੀ Isolation Centres ਬਣਾਏ ਜਾਣ ਦੀ ਸੰਭਾਵਨਾ ਹੈ।

ਇਸ ਲਈ ਇਹਨਾਂ Isolation Centres ਦੀ ਪੂਰਨ ਤੌਰ ਤੇ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀਆਂ ਦੀ ਕਮੇਟੀ ਬਣਾਈ ਜਾਂਦੀ ਹੈ, ਜੋ ਕਿ ਨਵੇਂ Isolation Centres ਸਮੇਤ ਤਜਵੀਜਤ Covid Care Isolations Centres ਦੀ ਮੈਨਜਮੈਂਟ ਕਮੇਟੀ ਦੀ ਤਜ਼ਵੀਜ਼ ਨਿਮਨਹਸਤਾਖਰ ਨੂੰ ਭੇਜੇਗੀ ਅਤੇ ਇਹਨਾਂ ਸਾਰੇ ਕੇਂਦਰਾਂ ਦੇ ਕੰਮ ਕਾਜ ਦੀ ਨਿਗਰਾਨੀ ਰੱਖੇਗੀ:

1) ਡਾ: ਪੱਲਵੀ, ਆਈ.ਏ.ਐਸ., ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਅੰਮ੍ਰਿਤਸਰ।
2) ਸ੍ਰੀ ਸੰਦੀਪ ਮਲਿਕ, ਆਈ.ਪੀ.ਐਸ., ਵਧੀਕ ਡਿਪਟੀ ਕਮਿਸ਼ਨਰ ਆਫ ਪੁਲਿਸ, ਅੰਮ੍ਰਿਤਸਰ ਸ਼ਹਿਰੀ।
3) ਸਿਵਲ ਸਰਜਨ, ਅੰਮ੍ਰਿਤਸਰ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

**ਮਿਤੀ:**

—ਸ਼ੀ/-
**ਜ਼ਿਲ੍ਹਾ ਮੈਜਿਸਟਰੇਟ,**
**ਅੰਮ੍ਰਿਤਸਰ।**

ਪਿੱਠ ਅੰਕਣ ਨੰ: ਕੋਵਿਡ-19/398-410 ਮਿਤੀ: 10/4/2020

ਇਸ ਦਾ ਇੱਕ ਉਤਾਰਾ:-

1. ਕਮਿਸ਼ਨਰ ਪੁਲਿਸ, ਅੰਮ੍ਰਿਤਸਰ (ਸ਼ਹਿਰ),
2. ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ (ਦਿਹਾਤੀ)।
3. ਵਧੀਕ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।
4. ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ।
5. ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਅੰਮ੍ਰਿਤਸਰ।
6. ਸ੍ਰੀ ਸੰਦੀਪ ਮਲਿਕ, IPS, ਵਧੀਕ ਡਿਪਟੀ ਕਮਿਸ਼ਨਰ ਪੁਲਿਸ, ਅੰਮ੍ਰਿਤਸਰ ਸ਼ਹਿਰੀ।
7. ਸਿਵਲ ਸਰਜਨ, ਅੰਮ੍ਰਿਤਸਰ।
8. ਮੈਡੀਕਲ ਸੁਪਰਡੈਂਟ, ਗੁਰੂ ਨਾਨਕ ਦੇਵ ਹਸਪਤਾਲ।
9. ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਅੰਮ੍ਰਿਤਸਰ।
10. ਪੀ.ਏ ਟੂ ਡਿਪਟੀ ਕਮਿਸ਼ਨਰ, ਅੰਮ੍ਰਿਤਸਰ।
11. ਸਰਵੇਲੈਂਸ ਟੀਮ ਇੰਚਾਰਜਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੈਜਿਆ ਜ਼ਾਂਦਾ ਹੈ।

**ਜਿਲ੍ਹਾ ਮੈਜਿਸਟਰੇਟ,**
**ਅੰਮ੍ਰਿਤਸਰ।**

Scanned with CamScanner